# ਪੈਪਸੀਕੋ ਵਲੋਂ ਫਲਾਂ ਦੇ ਰਸ ਦੇ ਖੇਤਰ ਵਿੱਚ ਪੰਜਾਬ ਨੂੰ ਦੁਨੀਆ ਦਾ ਸਭ ਤੋਂ ਵੱਡਾ ਉਤਪਾਦਿਕ ਬਣਾਇਆ ਜਾਵੇਗਾ

ਚੰਡੀਗੜ੍ਹ, 25 ਅਪ੍ਰੈਲ (ਸੱਚ ਬਿਊਰੋ)-ਪੰਜਾਬ ਨੂੰ ਫਲਾਂ ਦੇ ਰਸਾਂ ਦੇ ਖੇਤਰ ਵਿੱਚ ਵਿਸ਼ਵ ਦਾ ਸਭ ਤੋਂ ਵੱਡਾ ਉਤਪਾਦਿਕ ਬਣਾਉਣ ਲਈ ਪ੍ਰਮੁੱਖ ਕੋਲਡ ਡ੍ਰਿੰਕਸ ਕੰਪਨੀ ਵਲੋਂ ਆਪਣਾ ਕਾਰੋਬਾਰ ਪੰਜਾਬ ਵਿੱਚ ਸ਼ੁਰੂ ਕੀਤਾ ਜਾਵੇਗਾ। ਇਸ ਤਰ੍ਹਾਂ ਕੰਪਨੀ ਵਲੋਂ ਖੇਤੀ ਵਿਭਿੰਨਤਾ ਦੇ ਖੇਤਰ ਵਿੱਚ ਵੀ ਵੱਡਮੁੱਲਾ ਯੋਗਦਾਨ ਪਾਇਆ ਜਾਵੇਗਾ।

ਇਸ ਤੋਂ ਇਲਾਵਾ ਕੰਪਨੀ ਵਲੋਂ ਸਿੱਖਿਆ, ਸਿਹਤ, ਦਿਹਾਤੀ ਸਫਾਈ ਅਤੇ ਪੀਣ ਵਾਲੇ ਸਵੱਛ, ਪਾਣੀ ਦੀ ਸਪਲਾਈ ਦੇ ਖੇਤਰਾਂ ਵਿੱਚ ਰਾਜ ਸਰਕਾਰ ਨਾਲ ਭਾਈਵਾਲੀ ਕਰਕੇ ਸਮਾਜਕ ਜਿੰਮੇਵਾਰੀ ਵੀ ਨਿਭਾਈ ਜਾਵੇਗੀ।

ਇਹ ਪ੍ਰਗਟਾਵਾ ਪੈਪਸੀ ਇੰਟਰਨੈਸ਼ਨਲ ਦੇ ਮੁੱਖ ਕਾਰਜਕਾਰੀ ਅਫਸਰ ਸ਼੍ਰੀ ਸੰਜੀਵ ਚੱਢਾ ਵਲੋਂ ਅੱਜ ਇਥੇ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨਾਲ ਇਕ ਮੁਲਾਕਾਤ ਦੌਰਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੰਪਨੀ ਵਲੋਂ ਆਲੂਆਂ, ਸੇਬ ਅਤੇ ਨਿੰਬੂ ਜਾਤੀ ਦੇ ਫਲਾਂ ਦੀ ਠੇਕੇ ਦੇ ਆਧਾਰ ਤੇ ਖੇਤੀ ਕੀਤੀ ਜਾ ਰਹੀ ਹੈ ਅਤੇ ਅਸੀਂ ਕੁਝ ਹੋਰ ਫਲਾਂ ਦੀ ਵੀ ਠੇਕੇ ਦੇ ਆਧਾਰ ਤੇ ਖੇਤੀ ਸ਼ੁਰੂ ਕਰਨ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਬੀਵਰੇਜ ਸਨਅੱਤਾਂ ਧਰਤੀ ਹੇਠਲੇ ਪਾਣੀ ਦੇ ਡਿਗ ਰਹੇ ਸਤਰ ਨੂੰ ਰੋਕਣ ਵਿੱਚ ਵੱਡਾ ਯੋਗਦਾਨ ਪਾ ਸਕਦੀਆਂ ਹਨ।

ਮੁੱਖ ਮੰਤਰੀ ਨਾਲ ਗਲਬਾਤ ਦੌਰਾਨ ਸ੍ਰੀ ਚੱਢਾ ਨੇ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਮੱਦਦ ਦੀ ਪੇਸ਼ਕਸ਼ ਕੀਤੀ ਅਤੇ ਸ: ਬਾਦਲ ਨੂੰ ਇਸ ਮੰਤਵ ਲਈ ਪੈਪਸੀਕੋ ਪਲਾਂਟਾਂ ਦੇ ਨੇੜੇ ਕੁਝ ਪਿੰਡਾਂ ਦੀ ਸ਼ਨਾਖਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਕੰਪਨੀ ਨੇ ਨਮੂਨੇ ਦੀ ਤਕਨੀਕ ਰਾਹੀਂ ਪਾਣੀ ਦੀ ਵਰਤੋਂ ਅਸਲ ਤੋਂ ਤਿੰਨ ਹਿੱਸੇ ਤਕ ਘਟਾ ਦਿੱਤੀ ਹੈ। ਇਹੀ ਤਕਨੀਕ ਸਮੁਚੇ ਰਾਜ ਵਿੱਚ ਵੱਡੇ ਪੱਧਰ ਤੇ ਲਾਗੂ ਕਰਕੇ ਪਾਣੀ ਦੀ ਵੱਧ ਤੋਂ ਵੱਧ ਬੱਚਤ ਕੀਤੀ ਜਾ ਸਕਦੀ ਹੈ। ਸ੍ਰੀ ਚੱਢਾ ਨੇ ਦੱਸਿਆ ਕਿ ਜਲੰਧਰ ਜ਼ਿਲੇ ਵਿੱਚ 15 ਹਜ਼ਾਰ ਏਕੜ ਜ਼ਮੀਨ ਉਤੇ ਕੰਪਨੀ ਵਲੋਂ ਝੋਨੇ ਦੀ ਕਾਸ਼ਤ ਲਈ ਵਰਤੀ ਨਵੀਂ ਤਕਨੀਕ ਜਿਥੇ ਝੋਨੇ ਦੀ ਲਵਾਈ ਉਤੇ ਹੁੰਦੇ ਖਰਚੇ ਦੀ ਭਾਰੀ ਬੱਚਤ ਕਰੇਗੀ, ਉਥੇ ਇਸ ਨਾਲ ਪਾਣੀ ਦੀ ਵੀ ਬਹੁਤ ਘੱਟ ਵਰਤੋਂ ਹੋਵੇਗੀ।

ਇਸ ਦੌਰਾਨ ਸ: ਬਾਦਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਅਮੀਰ ਕੰਪਨੀਆਂ ਨੂੰ ਆਪਣੀਆਂ ਸਮਾਜਿਕ ਜਿੰਮੇਵਾਰੀਆਂ ਵੀ ਨਿਭਾਉਣੀਆਂ ਚਾਹੀਦੀਆਂ ਹਨ ਅਤੇ ਰਾਜ ਵਿੱਚ ਆਰਥਿਕ ਅਸਮਾਨਤਾ ਘਟਾਉਣ ਲਈ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਮੀਰਾਂ ਅਤੇ ਗਰੀਬਾਂ ਵਿਚ ਦਿਨੋਂ ਦਿਨ ਵੱਧ ਰਿਹਾ ਪਾੜਾ ਘਟਾਉਣਾ ਚਾਹੀਦਾ ਹੈ ਤਾਂ ਜੋ ਇਹ ਫਰਕ ਕਾਨੂੰਨ ਵਿਵਸਥਾ ਲਈ ਚਣੌਤੀ ਨਾ ਬਣ ਸਕੇ। ਇਹ ਅਮੀਰ ਵਰਗ ਦੇ ਵੀ ਹਿੱਤ ਵਿੱਚ ਹੋਵੇਗਾ ਕਿ ਇਕ ਸਥਿਰ ਸਮਾਜ ਦੀ ਸਥਾਪਨਾ ਵਾਸਤੇ ਆਰਥਕ ਸੰਤੁਲਨ ਕਾਇਮ ਰੱਖਿਆ ਜਾਵੇ।

ਇਸ ਮੀਟਿੰਗ ਦੌਰਾਨ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਕਾਰਜਕਾਰੀ ਡਾਇਰੈਕਟਰ ਬਰਾਮਦਾਂ ਤੇ ਵਿਦੇਸ਼ੀ ਮਾਮਲੇ ਅਭੀਰਾਮ ਸੇਠ, ਜਨਰਲ ਮੈਨੇਜਰ ਕਾਰਪੋਰੇਟ ਮਾਮਲੇ ਪਵਨ ਕੁਮਾਰ ਸ਼ਰਮਾ ਪੈਪਸੀਕੋ ਇੰਟਰਨੈਸ਼ਨਲ ਅਤੇ ਐਮ ਡੀ ਮਨੂੰ ਆਨੰਦ ਪੈਪਸੀਕੋ ਇੰਡੀਆ ਹੋਲਡਿੰਗਜ਼ ਪ੍ਰਾਈਵੇਟ ਲਿਮਿਟਿਡ ਵੀ ਹਾਜ਼ਰ ਸਨ।